**ਦਫਤਰ ਚੇਅਰਮੈਨ, ਭਰਤੀ ਬੋਰਡ-ਕਮ-ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਵਿਭਾਗ , ਪੰਜਾਬ।**
**ਪੀ.ਐਸ.ਈ.ਬੀ ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਜ-8, ਐਸ.ਏ.ਐਸ ਨਗਰ**
**(ਵੈਬਸਾਈਟ www.educationrecruitmentboard.com)**

---

ਵਿਭਾਗ ਦੁਆਰਾ ਮਿਤੀ 13-04-2008 ਨੂੰ 244 ਸਿੱਖਿਆ ਸਰਵਿਸ ਪ੍ਰੋਵਾਇਡਰਜ (ਪੀ.ਟੀ.ਆਈ.) ਦੀਆਂ ਅਸਾਮੀਆਂ ਯਕਮੁਸਤ ਤਨਖਾਹ ਰੁਪਏ 5000/- (ਪੰਜ ਹਜਾਰ) ਪ੍ਰਤੀ ਮਹੀਨਾ ਭਰਣ ਲਈ ਵੱਖ -ਵੱਖ ਅਖਬਾਰਾਂ ਵਿੱਚ ਵਿਗਿਆਪਨ ਦੇ ਕੇ ਮਿਤੀ 29-04-2008 ਤੱਕ ਅਰਜੀਆਂ ਦੀ ਮੰਗ ਕੀਤੀ ਗਈ ਸੀ। ਵਿਗਿਆਪਨ ਮਿਤੀ 13-04-2008 ਅਨੁਸਾਰ ਉਕਤ ਅਸਾਮੀ ਲਈ ਵਿਦਿਅਕ ਯੋਗਤਾਂ ਬਾਰਵੀਂ ਜਮਾਤ ਤੋ ਬਾਦ ਸੀ.ਪੀ.ਐਡ ਦਾ ਕੋਰਸ ਸੀ। ਵਿਭਾਗ ਦੁਆਰਾ ਸਾਲ 2008 ਦੌਰਾਨ ਕੇਵਲ ਸੀ.ਪੀ.ਐਡ ਯੋਗਤਾ ਵਾਲੇ ਉਮੀਦਵਾਰਾਂ ਨੂੰ ਹੀ ਉਕਤ ਅਸਾਮੀ ਲਈ ਯੋਗ ਮੰਨਿਆ ਸੀ ਅਤੇ ਉਚ ਯੋਗਤਾਂ ਵਾਲੇ ਉਮੀਦਵਾਰ ਭਾਵ ਬੀ.ਪੀ.ਐਡ. /ਡੀ.ਪੀ.ਐਡ. ਆਦਿ ਯੋਗਤਾਂ ਵਾਲੇ ਉਮੀਦਵਾਰਾਂ ਨੂੰ ਉਕਤ ਅਸਾਮੀ ਲਈ ਯੋਗ ਨਹੀ ਮੰਨੀਆ ਕਿਉ ਜੋ ਉਹਨਾ ਉਮੀਦਵਾਰਾਂ ਪਾਸ ਸੀ.ਪੀ.ਐਡ. ਦੀ ਯੋਗਤਾ ਨਹੀ ਸੀ।

ਉਕਤ ਵਿਸੇ ਤੇ ਮਾਨਯੋਗ ਹਾਈਕੋਰਟ ਦੁਆਰਾ ਸਿਵਲ ਰਿਟ ਪਟੀਸਨ 451 ਆਫ 2008 ਮਨਜੀਤ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਹੋਰ ਵਿੱਚ ਕੀਤੇ ਗਏ ਫੈਸਲੇ 27-07-2010 ਦੀ ਪਾਲਣਾ ਹਿੱਤ ਉਚ ਯੋਗਤਾਂ ਵਾਲੇ ਉਮੀਦਵਾਰਾਂ ਨੂੰ ਯੋਗ ਮੰਨਕੇ ਮੁੜ ਕਾਉਸਲਿੰਗ ਲਈ ਵੱਖ-2 ਅਖਬਾਰਾਂ ਵਿੱਚ ਮਿਤੀ 13-01-2013 ਨੂੰ ਪਬਲਿਕ ਨੋਟਿਸ ਦਿਤਾ ਗਿਆ ਸੀ। ਇਸ ਪਬਲਿਕ ਨੋਟਿਸ ਵਿੱਚ ਕੇਵਲ ਉਹਨਾ ਉਮੀਦਵਾਰਾਂ ਨੂੰ ਹੀ ਸੱਦਾ ਦਿਤਾ ਗਿਆ ਸੀ ਜਿਹਨਾਂ ਵੱਲੋ ਵਿਗਿਆਪਨ ਮਿਤੀ 13-04-2008 ਅਧੀਨ ਉਕਤ ਅਸਾਮੀ ਲਈ ਅਪਲਾਈ ਕੀਤਾ ਗਿਆ ਸੀ। ਜਿਹਨਾਂ ਉਚ ਯੋਗਤਾ ਵਾਲੇ ਉਮੀਦਵਾਰਾਂ ਵੱਲੋ ਉਕਤ ਵਿਗਿਆਪਨ ਅਧੀਨ ਅਪਲਾਈ ਨਹੀ ਕੀਤਾ ਸੀ ਉਹਨਾ ਵੱਲੋ ਮਾਨਯੋਗ ਹਾਈਕੋਰਟ ਵਿਖੇ ਵੱਖ -2 ਸਿਵਲ ਰਿਟ ਪਟੀਸਨਾਂ ਦਾਇਰ ਕੀਤੀਆਂ ਗਿਆ ਸੀ ਜਿਹਨਾ ਵਿੱਚ ਸਿਵਲ ਰਿਟ ਪਟੀਸਨ ਨੰ 1572 ਆਫ 2013 ਕੁਲਵੰਤ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਹੋਰ ਸਾਮਲ ਸੀ, ਜਿਸ ਵਿੱਚ ਮਾਨਯੋਗ ਹਾਈਕੋਰਟ ਦੁਆਰਾ 28-01-2013 ਨੂੰ ਕੀਤੇ ਗਏ ਫੈਸਲੇ ਦੀ ਪਾਲਣਾ ਹਿੱਤ ਮਿਤੀ 29-04-2008 ਤੱਕ ਉਕਤ ਅਸਾਮੀ ਲਈ ਉਚ ਯੋਗਤਾ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਤੋ ਵਿਭਾਗ ਦੀ ਵੈਬਸਾਈਟ **www.educationrecruitmentboard.com** ਤੇ ਮਿਤੀ 4/3/2014, ਤੋਂ 14/3/2014 ਤੱਕ ਆਨਲਾਈਨ ਦਰਖਾਸਤਾਂ ਦੀ ਮੰਗ ਕੀਤੀ ਜਾਂਦੀ ਹੈ। ਇੰਨਾਂ ਅਸਾਮੀਆਂ ਨਾਲ ਸਬੰਧੀ ਸਰਤਾਂ/ਕੰਡੀਸਨ (Terms and Conditions) ਦੀ ਵਿਸਥਾਰਪੂਰਵਕ ਜਾਣਕਾਰੀ ਵਿਭਾਗ ਦੀ ਵੈਬਸਾਈਟ **www.educationrecruitmentboard.com** ਤੇ ਉਪਲੱਬਧ ਹੈ । ਅਤੇ ਅਰਜੀਆ ਉਪਰ ਲਿਖੇ ਪਤੇ ਤੇ ਮਿਤੀ 14/03/2014, ਸ਼ਾਮ 5-00 ਵਜੇ ਤੱਕ ਹੀ ਆਨ ਲਾਈਨ ਅਪਲਾਈ ਕਰ ਸਕਦੇ ਹਨ। ਕੇਵਲ ਉਨਾਂ ਉਮੀਦਵਾਰਾਂ ਦੀਆਂ ਅਰਜੀਆਂ ਹੀ ਤੇ ਵਿਚਾਰ ਕੀਤੀ ਜਾਵੇਗੀ, ਜੋ ਮਿਤੀ 29-04-2008 ਤੱਕ ਵਿਦਿਅਕ, ਪੇਸੇਵਰ ਯੋਗਤਾਵਾਂ ਪੂਰੀਆਂ ਕਰਦੇ ਹੋਣਗੇ ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ

ਦਫਤਰ ਚੇਅਰਮੈਨ, ਭਰਤੀ ਬੋਰਡ-ਕਮ-ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਵਿਭਾਗ , ਪੰਜਾਬ।
ਪੀ.ਐਸ.ਈ.ਬੀ ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਜ-8, ਐਸ.ਏ.ਐਸ ਨਗਰ
(ਵੈਬਸਾਈਟ www.educationrecruitmentboard.com)

---

## ਜਨਤਕ ਨਿਯੁਕਤੀਆਂ

ਪੰਜਾਬ ਸਿੱਖਿਆ ਵਿਭਾਗ, ਸਿੱਖਿਆ ਭਰਤੀ ਬੋਰਡ ਵੱਲੋਂ ਹੇਠ ਲਿਖੇ ਅਨੁਸਾਰ ਅਸਾਮੀਆਂ ਦੀ ਭਰਤੀ ਕਰਨ ਲਈ ਯੋਗ ਉਮੀਦਵਾਰਾਂ ਵੱਲੋਂ ਵਿਭਾਗ ਦੀ ਵੈਬ-ਸਾਈਟ www.educationrecruitmentboard.com ਤੇ ਆਨ ਲਾਈਨ ਦਰਖਾਸਤਾਂ ਦੀ ਮੰਗ ਮਿਤੀ 4/3/2014 ਤੋਂ 14/3/2014 ਤੱਕ ਕੀਤੀ ਜਾਂਦੀ ਹੈ। ਭਰੀਆਂ ਜਾਣ ਵਾਲੀਆਂ ਅਸਾਮੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. ਅਸਾਮੀ ਦਾ ਨਾਂ: ਸਿੱਖਿਆ ਸਰਵਿਸ ਪ੍ਰੋਵਾਈਡਰ (ਪੀ.ਟੀ.ਆਈ)

2. ਅਰਜੀ ਪ੍ਰੋਸੈਸਿੰਗ ਫੀਸ :

ਜਨਰਲ ਅਤੇ ਹੋਰਨਾਂ ਲਈ - 100/- ਰੁਪਏ

ਐਸ.ਸੀ/ਐਸ.ਟੀ ਲਈ - 25/- ਰੁਪਏ

ਸਾਬਕਾ ਫੌਜੀ (ਖੁਦ) ਲਈ - ਜੀਰੋ ਫੀਸ।

ਸਾਬਕਾ ਫੌਜੀ / (ਖੁਦ) ਨੂੰ ਫੀਸ ਦੀ ਅਦਾਇਗੀ ਤੋਂ ਛੋਟ ਹੋਵੇਗੀ ਬਸਰਤੇ ਉਨਾਂ ਨੂੰ ਉਨਾਂ ਦੀ ਆਪਣੀ ਬੇਨਤੀ ਤੇ ਭਾਰਤ ਸਰਕਾਰ ਦੀ ਸੇਵਾ ਦੀ ਸਾਧਾਰਨ ਮਿਆਦ ਪੂਰੀ ਕਰਨ ਤੋਂ ਪਹਿਲਾਂ ਫਾਰਗ/ ਡਿਸਚਾਰਜ ਨਾ ਕੀਤਾ ਹੋਵੇ, ਪਰ ਸਾਬਕਾ ਫੌਜੀਆਂ ਦੇ ਬੱਚਿਆਂ ਨੂੰ ਲੋੜੀਦੀ ਫੀਸ ਦੇਣੀ ਹੋਵੇਗੀ।

ਇਹ ਭਰਤੀ ਟੈਸਟ ਜਾਂ ਇੰਟਰਵਿਊ ਨੰਬਰ ਤੋਂ ਬਿਨਾਂ ਨਿਰੋਲ ਮੈਰਿਟ ਦੇ ਆਧਾਰ ਤੇ ਹੋਵੇਗੀ। ਮੈਰਿਟ ਹੇਠ ਲਿਖੇ ਵੇਰਵਿਆਂ ਅਨੁਸਾਰ ਘੱਟੋ ਘੱਟ ਨਿਰਧਾਰਤ ਵਿਦਿਅਕ ਯੋਗਤਾ ਅਤੇ ਪੇਸਾ ਵਰ ਯੋਗਤਾਵਾਂ, ਉਚ ਯੋਗਤਾ (ਸਬੰਧਤ ਵਿਸੇ ਵਿੱਚ) ਅਤੇ ਤਜਰੁਬੇ ਤੋਂ ਪ੍ਰਾਪਤ ਕੀਤੇ ਅੰਕ ਜੋੜ ਕੇ ਤਿਆਰ ਕੀਤੀ ਜਾਵੇਗੀ।

| | | |
|---|---|---|
| 1. | ਮੁੱਢਲੀਆਂ ਯੋਗਤਾਵਾਂ ਅਤੇ ਪ੍ਰੋਫੈਸਨਲ ਯੋਗਤਾਵਾਂ | |
| (a) | 10 +2 ਮੁੱਢਲੀ ਅਕਾਦਮਿਕ ਯੋਗਤਾ ਵਿੱਚ ਪ੍ਰਾਪਤ ਕੀਤੇ ਕੁਲ ਅੰਕਾਂ ਦੀ ਪ੍ਰਤੀਸਤਤਾ ਦਾ 35% | 35 |
| (b) | ਮੁੱਢਲੀ ਪ੍ਰੋਫੈਸਨਲ ਯੋਗਤਾ ਕੇਵਲ ਬੀ.ਪੀ.ਐਡ/ਡੀ.ਪੀ.ਐਡ/ਐਮ.ਏ (ਫਿਜੀਕਲ ਐਜੂਕੇਸਨ) ਵਿੱਚ ਪ੍ਰਾਪਤ ਕੀਤੇ ਕੁਲ ਅੰਕਾਂ ਦੀ ਪ੍ਰਤੀਸਤਤਾ ਦਾ 35% BPE (3yrs) + B.P.Ed (1 Yrs/ D.P.Ed (1 Yrs) or B.P.Ed (4 Yrs (I.C) | 35 |

| | | |
|---|---|---|
| | ਕੁੱਲ ਅੰਕ | 70 |
| 2. | ਉਚ ਯੋਗਤਾ ਜਿਵੇ ਕਿ ਐਮ..ਏ. (ਸਰੀਰਕ ਸਿੱਖਿਆ) ਜਾਂ ਐਮ.ਪੀ.ਐਡ | 08 ਅੰਕ |
| | ਪਹਿਲਾ ਦਰਜਾ | 08 ਅੰਕ |
| | ਦੂਜਾ ਦਰਜਾ | 06 ਅੰਕ |
| | ਤੀਸਰਾ ਦਰਜਾ | 04 ਅੰਕ |
| | ਵੱਧ ਤੋਂ ਵੱਧ ਅੰਕ | 08 ਅੰਕ |
| 3. | ਤਜਰਬੇ ਦੇ ਵੱਧ ਤੋਂ ਵਧ ਅੰਕ (ਇੱਕ ਸਾਲ ਦਾ ਇੱਕ ਨੰਬਰ ਹੋਵੇਗਾ) ਇੱਕ ਸਾਲ ਤਜਰਬੇ ਤੋਂ ਘੱਟ ਦੇ ਨੰਬਰ ਨਹੀਂ ਦਿੱਤੇ ਜਾਣਗੇ। | 07 ਅੰਕ |
| | ਕੁਲ ਅੰਕ | 85 ਅੰਕ |

ਨੋਟ

1. ਤਜਰਬੇ ਦੇ ਮੁਕੰਮਲ ਦਿੱਤੇ ਅੰਕ ਤਾਂ ਹੀ ਜੋੜੇ ਜਾਣਗੇ ਇਹ ਸਰਕਾਰੀ ਸਕੂਲ , ਏਡਿਡ ਸਕੂਲ, ਮਾਨਤਾ ਪ੍ਰਾਪਤ ਸਕੂਲ ਜਾਂ ਐਫੀਲੀਏਟਿਡ ਸਕੂਲ, ਜੋ ਕਿ ਪੰਜਾਬ ਸਕੂਲ ਸਿੱਖਿਆ ਬੋਰਡ , ਸੀ.ਬੀ.ਐਸ.ਈ ਜਾਂ ਆਈ.ਸੀ.ਐਸ.ਈ ਨਾਲ ਸਬੰਧਤ ਸਕੂਲਾਂ ਤੋਂ ਪ੍ਰਾਪਤ ਕੀਤਾ ਹੋਵੇ ਅਤੇ ਸਬੰਧਤ ਵਿਸੇ ਦਾ ਸਿਰਫ ਪੀ.ਟੀ.ਆਈ ਜਾਂ ਡੀ.ਪੀ.ਈ ਮਾਸਟਰ/ਮਿਸਟ੍ਰੇਸ ਦੀ ਅਸਾਮੀ ਦੇ ਵਿਰੁੱਧ ਹੀ ਪੜਾਉਣ ਦਾ ਹੋਵੇ। ਸਰਕਾਰੀ ਸਕੂਲ , ਏਡਿਡ ਸਕੂਲ, ਮਾਨਤਾ ਪ੍ਰਾਪਤ ਸਕੂਲ ਦਾ ਤਜਰਬਾ ਸਰਟੀਫਿਕੇਟ ਸਬੰਧਤ ਜਿਲਾ ਸਿੱਖਿਆ ਅਫਸਰ (ਸੈ:ਸਿ) ਵੱਲੋਂ ਪ੍ਰਤੀ ਹਸਤਾਖਰ ਹੋਣਾ ਲਾਜਮੀ ਹੈ।

2. ਉਨਾਂ ਉਮੀਦਵਾਰਾਂ ਦਾ ਤਜਰਬਾ ਵੀ ਵਿਚਾਰਿਆ ਜਾਵੇਗਾ ਜਿਹੜੇ ਸਰਵ ਸਿੱਖਿਆ ਅਭਿਆਨ ਦੀ ਸਕੀਮ ਅਨੁਸਾਰ ਸਰਕਾਰੀ ਸਕੂਲਾਂ ਵਿੱਚ ਰੈਗੂਲਰ ਤੌਰ ਤੇ ਕੰਮ ਕਰ ਰਹੇ ਅਧਿਆਪਕਾਂ ਵਿੱਚੋਂ ਬੀ.ਆਰ.ਪੀ/ਡੀ.ਆਰ.ਲਗਾਏ ਗਏ ਹਨ, ਉਨਾਂ ਦੀਆਂ ਖਾਲੀ ਹੋਈਆਂ ਅਸਾਮੀਆਂ ਵਿਰੁੱਧ ਪਸਵਕ ਵੱਲੋ ਲਗਾਏ ਗਏ ਐਜੂਕੇਸਨ ਵਲੰਟੀਅਰ ਜਿਨਾਂ ਨੇ 10+2 ਸਮੇਤ ਬੀ.ਪੀ.ਐਡ ਪਾਸ ਕੀਤੀ ਹੋਵੇ ਅਤੇ ਵਿਗਿਆਪਨ ਅਨੁਸਾਰ ਐਜੂਕੇਸਨ ਸਰਵਿਸ ਪੋਵਾਈਡਰਜ (ਪੀ.ਟੀ.ਆਈ) ਦੀਆਂ ਸਾਰੀਆਂ ਸਰਤਾਂ ਪੂਰੀਆਂ ਕਰਦੇ ਹੋਣ। ਇਹ ਤਜਰਬਾ ਲੋੜੀਦੀ ਯੋਗਤਾ ਪਾਸ ਕਰਨ ਦੀ ਮਿਤੀ ਤੋਂ ਬਾਅਦ ਦਾ ਸਿਰਫ ਸਰਕਾਰੀ/ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲ ਵਿੱਚ ਸਿਰਫ 6ਵੀਂ ਤੋਂ 10ਵੀਂ ਜਮਾਤਾਂ ਤੱਕ ਦੇ ਸਬੰਧਤ ਵਿਸੇ ਨੂੰ ਪੜਾਉਣ ਦਾ ਹੀ ਹੋਣਾ ਚਾਹੀਦਾ ਹੈ। ਤਜਰਬਾ ਸਰਟੀਫਿਕੇਟ ਉਹ ਹੀ ਵਿਚਾਰਿਆ ਜਾਵੇਗਾ ਜਿਹੜਾ ਨਿਯੁਕਤੀ ਅਧਿਕਾਰੀ ਭਾਵ ਪਸਵਕ ਦੇ ਚੇਅਰਮੈਨ ਵੱਲੋਂ ਜਾਰੀ ਕੀਤਾ ਹੋਵੇ , ਸਕੂਲ ਦੇ ਮੁੱਖੀ ਵੱਲੋਂ ਉਸ ਨੂੰ ਲੋੜੀਦਾ ਰਿਕਾਰਡ ਘੋਖਣਾ ਉਪਰੰਤ ਤਸਦੀਕ ਕੀਤਾ ਗਿਆ ਹੋਵੇ ਅਤੇ ਇਸ ਉਤੇ ਜਿਲਾ ਸਿੱਖਿਆ ਅਫਸਰ (ਸੈ:ਸਿ) ਵੱਲੋਂ ਪ੍ਰਤੀ ਹਸਤਾਖਰ ਕੀਤੇ ਹੋਣ।

<u>ਆਮ ਸਰਤਾਂ</u>

1. ਉਮੀਦਵਾਰ ਦਾ ਪੰਜਾਬ ਜਾਂ ਯੂ.ਟੀ ਚੰਡੀਗੜ੍ਹ ਦਾ ਵਸਨੀਕ ਹੋਣਾ ਲਾਜਮੀ ਹੈ।

2. ਅਸਾਮੀ ਲਈ ਅਪਲਾਈ ਕਰਨ ਵਾਲੇ ਉਮੀਦਵਾਰ ਇਹ ਗੱਲ ਯਕੀਨੀ ਬਣਾਉਣ ਕਿ ਮਿਤੀ 29-04-2008 ਨੂੰ ਸਾਰੀਆਂ ਯੋਗਤਾਵਾਂ /ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ। ਜੇਕਰ ਨਿਯੁਕਤੀ ਤੋਂ ਪਹਿਲਾਂ ਜਾਂ ਪਿੱਛੋਂ ਘੋਖ ਕੀਤੇ ਜਾਣ ਤੇ ਇਹ ਪਾਇਆ ਗਿਆ ਕਿ ਯੋਗਤਾਵਾਂ / ਸ਼ਰਤਾਂ ਪੂਰੀਆਂ ਨਹੀਂ ਕਰਦਾ ਜਾਂ ਇਹ ਪਾਇਆ ਗਿਆ ਕਿ ਉਮੀਦਵਾਰ ਵੱਲੋਂ ਦਿੱਤੀ ਜਾਣਕਾਰੀ ਜਾਅਲੀ ਜਾਂ ਸਹੀ ਨਹੀਂ ਹੈ , ਤਾਂ ਉਸ ਦੀ ਉਮੀਦਵਾਰੀ ਬਿਨਾਂ ਨੋਟਿਸ ਦਿੱਤੇ ਰੱਦ ਕਰ ਦਿੱਤੀ ਜਾਵੇਗੀ ਅਤੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।

3. ਸਾਬਕਾ ਫੌਜੀਆਂ ਸਬੰਧੀ ਕੋਟੇ ਤਹਿਤ ਰਾਖਵਾਂਕਰਨ ਪਹਿਲਾਂ ਸਾਬਕਾ ਫੌਜੀ (ਖੁਦ) ਨੂੰ ਉਸ ਉਪਰੰਤ ਉਨਾਂ ਦੇ ਬੱਚਿਆਂ ਲਈ ਲਾਗੂ ਕੀਤਾ ਜਾਵੇਗਾ। ਅਜਿਹਾ ਉਮੀਦਵਾਰ ਜੋ ਇਸ ਸ੍ਰੇਣੀ ਤਹਿਤ ਬਿਨੈ ਪੱਤਰ ਭੇਜੇਗਾ, ਉਹ ਇਸ ਸਬੰਧੀ ਸਪੱਸਟ ਸੰਕੇਤ ਦੇਵੇ ਕਿ ਉਹ ਆਪ ਸਾਬਕਾ ਫੌਜੀ ਹੈ ਜਾਂ ਕਿਸੇ ਸਾਬਕਾ ਫੌਜੀ ਦੇ ਵੰਸ ਵੱਲੋਂ ਆਸਰਿਤ ਹੋਵੇ , ਉਸ ਵੱਲੋਂ ਇਸ ਸ੍ਰੇਣੀ ਤਹਿਤ ਬਿਨੇ ਪੱਤਰ ਨਾਲ ਸਬੂਤ ਵੱਜੋਂ ਲਗਾਏ ਸਰਟੀਫਿਕੇਟ ਵਿੱਚ ਇਹ ਸਪੱਸਟ ਤੌਰ ਤੇ ਅੰਕਿਤ ਹੋਵੇ ਕਿ ਉਹ ਐਜੂਕੇਸਨਲ ਸਰਵਿਸਜ ਪ੍ਰੋਵਾਈਡਰ (ਪੀ.ਟੀ.ਆਈ) ਦੀ ਅਸਮੀ ਲਈ ਅਪਲਾਈ ਕਰ ਰਿਹਾ ਹੈ।

4. ਆਜਾਦੀ ਘੁਲਾਟੀਆ ਸਬੰਧੀ ਕੋਟੇ ਤਹਿਤ ਰਾਖਵਾਂ ਕਰਨ ਚਾਹੁੰਣ ਵਾਲੇ ਉਮੀਦਵਾਰ ਦਾ ਸਰਟੀਫਿਕੇਟ ਡਿਪਟੀ ਕਮਿਸਨਰ ਵਲੋਂ ਜਾਰੀ ਕੀਤਾ ਹੋਣਾ ਚਾਹੀਦਾ ਹੈ। ਜਿਸ ਵਿੱਚ ਸਪੱਸਟ ਹੋਵੇ ਕਿ ਆਜਾਦੀ ਘੁਲਾਟੀਏ ਨਾਲ ਉਸਦਾ ਕੀ ਰਿਸਤਾ ਹੈ ਭਾਵ ਪੁਤਰ/ ਪੁਤਰੀ/ ਪੋਤਰਾ/ ਪੋਤਰੀ/ ਦੋਹਤਰਾ/ ਦੋਹਤਰੀ ਹੈ । ਮੈਰਿਟ ਬਣਾਉਣ ਸਮੇਂ ਤਰਜੀਹ ਕੇਵਲ ਆਜਾਦੀ ਘੁਲਾਟੀਏ ਦੇ ਪੁੱਤਰ/ਪੁੱਤਰੀ ਨੂੰ ਦਿੱਤੀ ਜਾਵੇਗੀ।

5. ਖਿਡਾਰੀਆਂ ਸਬੰਧੀ ਕੋਟੇ ਤਹਿਤ ਰਾਖਵਾਂ ਕਰਨ ਚਾਹੁੰਣ ਵਾਲੇ ਉਮੀਦਵਾਰ ਪੰਜਾਬ ਰਾਜ ਵੱਲੋਂ ਖੇਡਿਆ ਹੋਵੇ। ਉਹ ਅਜਿਹਾ ਸਰਟੀਫਿਕੇਟ ਵੀ ਪੇਸ ਕਰਨ, ਜਿਸ ਵਿੱਚ ਦੱਸਿਆ ਗਿਆ ਹੋਵੇ ਕਿ ਉਨਾਂ ਨੇ ਸਟੇਟ ਲੈਵਲ, ਫੈਡਰੇਸਨ ਵੱਲੋਂ ਬਣਾਈ ਪੰਜਾਬ ਓਲਿੰਪਕ ਐਸੋਸੀਏਸਨ ਤੋਂ ਮਾਨਤਾ ਪ੍ਰਾਪਤ ਕਿਸੇ ਵੀ ਖੇਡ ਵਿੱਚ ਰਾਜ ਪੱਧਰੀ ਚੈਪੀਅਨਸਿਪ ਵਿੱਚੋਂ ਟੀਮ ਤਹਿਤ ਜਾਂ ਵਿਅਕਤੀਗਤ ਤੌਰ ਤੇ ਪਹਿਲੀ, ਦੂਜੀ ਜਾਂ ਤੀਸਰੀ ਪੁਜੀਸਨ ਹਾਸਲ ਕੀਤੀ ਹੈ। ਪ੍ਰਸਿਧ ਗੈਰ ਓਲਿੰਪਕ ਖੇਡਾਂ ਦੇ ਸਬੰਧ ਵਿੱਚ ਜਿਵੇ ਕਿ ਕ੍ਰਿਕਟ ਤੇ ਟੈਨਿਸ ਦੀ ਖੇਡ ਹੈ ਤਾਂ ਜੇਤੂ ਖਿਡਾਰੀ ਨੇ ਸਬੰਧਤ ਰਾਸਟਰੀ ਫੈਡਰੇਸਨ ਵੱਲੋਂ ਮਾਨਤਾ ਪ੍ਰਾਪਤ ਰਾਜ ਪਧਰੀ ਐਸੋਸੀਏਸਨ ਵਿੱਚ ਪਹਿਲੇ ਤਿੰਨ ਸਥਾਨ ਵਿੱਚ ਕੋਈ ਇੱਕ ਸਥਾਨ ਹਾਸਲ ਕੀਤਾ ਹੋਵੇ। ਖੇਡ ਸਬੰਧੀ ਇਹ ਸਰਟੀਫਿਕੇਟ ਬਕਾਇਦਾ ਡਾਇਰੈਕਟਰ ਸਪੋਰਟਸ ਪੰਜਾਬ ਵੱਲੋਂ ਗਰੇਡਿਡ ਕੀਤਾ ਗਿਆ ਹੋਵੇ।

6. ਸਰਕਾਰ ਦੀਆ ਹਦਾਇਤਾਂ ਅਨੁਸਾਰ ਪੰਜਾਬ ਰਾਜ ਦੀਆਂ ਅਨੁਸੂਚਿਤ ਜਾਤੀਆਂ /ਪਛੜੀਆਂ ਸ੍ਰੇਣੀਆਂ ਦੇ ਤੌਰ ਤੇ ਰਾਖਵਾਂ ਕਰਨ ਚਾਹੁੰਣ ਵਾਲੇ ਉਮੀਦਵਾਰ ਅਨੁਸੂਚਿਤ ਜਾਤੀ ਸਰਟੀਫਿਕੇਟ/ਪਛੜੀਆਂ ਸ੍ਰੇਣੀ ਸਰਟੀਫਿਕੇਟ ਪ੍ਰੇਸ ਕਰਨਗੇ ਜੋ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਹੋਵੇ। ਪਛੜੀ ਸ੍ਰੇਣੀ ਸਰਟੀਫਿਕੇਟ ਜਰੂਰੀ ਤੌਰ ਤੇ ਬਿਨੈ ਪੱਤਰ ਭੇਜਣ ਦੀ ਅਖਰੀ ਮਿਤੀ

ਤੋਂ ਇੱਕ ਸਾਲ ਪਹਿਲਾਂ ਦੇ ਸਮੇਂ ਦੌਰਾਨ ਜਾਰੀ ਕੀਤਾ ਗਿਆ ਹੋਵੇ। ਜੋ ਕਿ ਵੈਲਫੇਅਰ ਡਿਪਾਰਟਮੈਂਟ ਦੀਆਂ ਹਦਾਇਤਾਂ ਅਨੁਸਾਰ ਹੋਵੇ ਤੇ ਮਿਤੀ 17-01-1994 ਅਤੇ 17-08-2005 ਅਤੇ 24-02-2009 ਅਨੁਸਾਰ ਜਾਤੀ ਦੇ ਸਪੱਸਟ ਸੰਕੇਤ ਸਹਿਤ ਕੀਤਾ ਗਿਆ ਹੋਵੇ।

7. ਅਪਾਹਜਾਂ ਸਬੰਧੀ ਕੋਟੇ ਤਹਿਤ ਰਾਖਵਾਂ ਕਰਨ ਚਾਹੁੰਣ ਵਾਲੇ ਉਮੀਦਵਾਰ ਘਟੋ ਘਟ 40 ਫੀਸਦੀ ਸਥਾਈ/ ਅਸਥਾਈ ਅੰਗਹੀਣਤਾ ਸਬੰਧੀ ਡਾਕਟਰੀ ਸਰਟੀਫਿਕੇਟ ਪੇਸ ਕਰਨਗੇ। ਸਰਟੀਫਿਕੇਟ ਵਿਚ ਇਹ ਅੰਕਿਤ ਹੋਣਾ ਜਰੂਰੀ ਹੈ ਕਿ ਉਮੀਦਵਾਰ ਜਿਸ ਅਸਾਮੀ ਤੇ ਅਪਲਾਈ ਕਰ ਰਿਹਾ ਹੈ, ਉਸ ਅਸਾਮੀ ਲਈ ਯੋਗ ਹੈ । ਇਹ ਸਰਟੀਫਿਕੇਟ ਸਮਰੱਥ ਅਧਕਾਰੀ ਵੱਲੋਂ ਜਾਰੀ ਕੀਤਾ ਹੋਣਾ ਚਾਹੀਦਾ ਹੈ।

8. ਸਾਰੇ ਹੀ ਬਿਨੈਕਾਰਾਂ ਨੂੰ ਮਿਤੀ 29-04-2008 ਤੋਂ ਪਹਿਲਾਂ ਦਸਵੀ ਜਾਂ ਇਸ ਦੇ ਬਰਾਬਰ ਦੇ ਪਧਰ ਤੱਕ ਦੀ ਪੰਜਾਬੀ ਨੂੰ ਜਰੂਰੀ ਤੌਰ ਤੇ ਪਾਸ ਕੀਤਾ ਹੋਵੇ।

9. ਉਮਰ 01-01-2008 (1 ਜਨਵਰੀ 2008) ਨੂੰ 18 ਤੋਂ 42 ਸਾਲ ਦੇ ਦਰਮਿਆਨ ਹੋਣੀ ਚਾਹੀਦੀ ਹੈ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਉਮਰ ਵਿੱਚ ਹੇਠਾਂ ਦੱਸੇ ਵੇਰਵੇ ਤਹਿਤ ਰਿਆਇਤ ਹੋਵੇਗੀ :-

(ਏ) ਐਸ.ਸੀ/ਐਸ.ਟੀ ਅਤੇ ਹੋਰਨਾਂ ਪਛੜੀਆਂ ਸ੍ਰੇਣੀਆਂ ਲਈ 5 ਸਾਲ ਦੀ ਛੋਟ।

(ਬੀ) ਸਮਰੱਥ ਅਧਿਕਾਰੀ ਤੋਂ ਲਿਆ ਮੈਡੀਕਲ ਸਰਟੀਫਿਕੇਟ ਪੇਸ ਕਰਨ ਵਾਲੇ ਅਪਾਹਜ ਵਿਅਕਤੀਆ ਨੂੰ 10 ਸਾਲ ਤੱਕ ਦੀ ਛੋਟ।

(ਸੀ) ਸਾਬਕਾ ਫੌਜੀਆਂ ਦੇ ਕੇਸ ਵਿੱਚ ਸਮੇਂ ਸਮੇਂ ਤੇ ਪੰਜਾਬ ਰਿਕਰੂਟਮੈਂਟ ਐਕਸ ਸਰਵਿਸਮੈਨ ਰੂਲਜ 1982 ਦੀ ਸੁਧਾਈ 45 ਸਾਲ।

10. ਹੇਠਲੀ ਅਤੇ ਉਪਰਲੀ ਸੀਮਾ1.1.2008 ਅਨੁਸਾਰ ਨਿਰਧਾਰਤ ਕੀਤੀ ਜਾਵੇਗੀ।

11. ਰਾਖਵਾਂ ਕਰਨ ਦਾ ਲਾਭ ਕੇਵਲ ਪੰਜਾਬ ਦੇ ਵਾਸੀਆਂ ਲਈ ਹੋਵੇਗਾ।

12. ਜੇਕਰ ਕਿਸੇ ਬਿਨੈਕਾਰ ਨੇ ਇਕ ਤੋਂ ਵੱਧ ਕੈਟਾਗਰੀਆਂ ਵਿੱਚ ਅਪਲਾਈ ਕਰਨਾ ਹੈ ਤਾਂ ਉਹ ਵੱਖਰੇ ਵੱਖਰੇ ਫਾਰਮ ਭਰੇਗਾ ਅਤੇ ਵੱਖਰੇ ਵੱਖਰੇ ਡਰਾਫਟ ਲਗਾਏਗਾ। ਇੱਕ ਅਰਜੀ ਫਾਰਮ ਤੇ ਦੋ ਕੈਟਾਗਰੀਆਂ ਹਰਗਿਜ ਟਿੱਕੀ ਨਹੀਂ ਕੀਤੀ ਜਾ ਸਕਦੀਆਂ। ਉਹ ਉਮੀਦਵਾਰ ਜੋ ਪੈਨਸਨ ਲੈ ਰਹੇ/ ਫੈਮਿਲੀ ਪੈਨਸਨ ਸਕੀਮ ਜੇ ਕੋਈਵੀ ਹੋਵੇ, ਇਸ ਲਾਭ ਦੇ ਹੱਕਦਾਰ ਨਹੀਂ ਹੋਣਗੇ। ਉਮੀਦਵਾਰਾਂ ਤੇ ਸਰਕਾਰ ਵੱਲੋਂ ਜਾਰੀ ਨਵੀਂ ਕੰਟਰੀਬਿਊਟਰੀ ਪੈਨਸਨ ਸਕੀਮ ਲਾਗੂ ਹੋਵੇਗੀ।

13. ਮਿਤੀ 13-04-2008 ਨੂੰ ਦਿਤੇ ਗਏ ਉਕਤ ਅਸਾਮੀਆਂ ਦੇ ਵਿਗਿਆਪਨ ਵਿੱਚ ਦਰਸਾਏ ਕਰਾਇਟੀਰੀਏ ਵਿਚ ਪੈਂਡੂ ਖੇਤਰ ਦੇ ਸਕੂਲ ਤੋ ਅੱਠਵੀਂ , ਦਸਵੀਂ ਅਤੇ ਬਾਰਵੀਂ ਜਮਾਤ ਪਾਸ ਕਰਨ ਵਾਲੇ ਉਮੀਦਵਾਰਾਂ ਨੂੰ ਦਿੱਤੇ ਗਏ ਪੰਜ ਅੰਕ ਅਤੇ ਅਸਾਮੀ ਲਈ ਲੋੜੀਂਦੀ ਯੋਗਤਾ ਪੂਰੀ ਕਰਨ ਉਪਰੰਤ ਹਰ ਛਿਮਾਹੀ ਦੇ ਇਕ ਅੰਕ ਅਤੇ ਕੁੱਲ ਦੱਸ ਅੰਕ ਦਿੱਤੇ ਗਏ ਸਨ। ਉਹ ਅੰਕ ਮਾਨਯੋਗ ਹਾਈਕੋਰਟ ਦੁਆਰਾ ਸਿਵਲ ਰਿੱਟ ਪਟੀਸਨ ਨੰਬਰ : 11071 ਆਫ 2011 - ਅਭਿਸੇਕ ਰਿਸੀ ਬਨਾਮ ਪੰਜਾਬ ਸਰਕਾਰ ਵਿੱਚ ਕੀਤੇ ਫੈਸਲੇ ਮਿਤੀ 03-04-2013 ਦੀ ਪਾਲਣਾ ਹਿੱਤ ਇਹ 15 ਅੰਕ ਨਹੀਂ ਦਿੱਤੇ ਜਾਣਗੇ।

ਆਨ ਲਾਈਨ ਅਪਲਾਈ ਕਰਨ ਦੀ ਵਿਧੀ :-

(1) ਵੈਬਸਾਈਟ www.educationrecruitmentboard.com .

(2) ਉਮੀਦਵਾਰ ਵੱਲੋਂ ਪਹਿਲਾਂ ਉਪਰੋਕਤ ਦਰਸਾਈ ਵੈਬਸਾਈਟ ਉੱਤੇ ਰਜਿਸਟ੍ਰੇਸਨ ਕਰਵਾਈ ਜਾਵੇਗੀ । ਰਜਿਸਟ੍ਰੇਸਨ ਕਰਵਾਉਣ ਲਈ ਇਸ ਵੈਬਸਾਈਟ ਉਤੇ ਲਿੰਕ New Registration ਉੱਤੇ Click ਕੀਤਾ ਜਾਵੇ ਅਤੇ ਮੰਗੀ ਗਈ ਜਾਣਕਾਰੀ ਭਰੀ ਜਾਵੇ । ਇੱਕ ਵਾਰ ਰਜਿਸ੍ਰਟੇਸਨ ਕਰਨ ਉਪਰੰਤ ਕੋਈ ਵੀ ਜਾਣਕਾਰੀ ਦੁਬਾਰਾ Update/Edit ਨਹੀਂ ਕੀਤੀ ਜਾਵੇਗੀ।

(3) ਰਜਿਸਟ੍ਰੇਸਨ ਉਪਰੰਤ ਉਮੀਦਵਾਰ ਆਪਣਾ Bank Challan ਜਨਰੇਟ ਕਰ ਸਕਦੇ ਹਨ ਅਤੇ Punjab National Bank ਵਿੱਚ ਆਪਣੀ ਫੀਸ ਜਮਾ ਕਰਵਾ ਸਕਦੇ ਹਨ।

(4) ਫੀਸ ਸਬੰਧੀ ਬੈਂਕ ਤੋਂ Confirmation ਹੋਣ ਉਪਰੰਤ, ਸਿੱਖਿਆ ਵਿਭਾਗ ਵੱਲੋਂ ਉਮੀਦਵਾਰ ਦੀ ਰਜਿਸਟੇਸਨ 48 ਘੰਟੇ ਵਿੱਚ confirm ਕਰ ਦਿੱਤੀ ਜਾਵੇਗੀ ਅਤੇ Confirmation ਉਪਰੰਤ ਹੀ ਉਮੀਦਵਾਰ ਆਪਣੀ Online Application ਭਰ ਸਕਦੇ ਹਨ।

(5) Application ਭਰਨ ਉਪਰੰਤ ਇਸ ਦਾ Printout ਜਰੂਰ ਲਿਆ ਜਾਵੇ ਅਤੇ ਸੰਭਾਲ ਕੇ ਰੱਖਿਆ ਜਾਵੇ। ਇੱਥੇ ਇਹ ਵੀ ਸਪੱਸਟ ਕੀਤਾ ਜਾਂਦਾ ਹੈ ਕਿ Application Form ਜਾਂ ਕੋਈ ਹੋਰ ਦਸਤਾਵੇਜ ਡਾਕ ਰਾਹੀਂ ਇਸ ਦਫਤਰ ਨੂੰ ਭੇਜਣ ਦੀ ਜਰੂਰਤ ਨਹੀਂ ਹੈ। ਕੋਈ ਵੀ ਦਸਤਾਵੇਜ , ਮੰਗੇ ਜਾਣ ਉਪਰੰਤ ਹੀ ਭੇਜਿਆ ਜਾਵੇ।

Important Dates :-

ਪਹਿਲਾਂ ਉਮੀਦਵਾਰ ਆਨਲਾਈਨ ਰਜਿਸਟ੍ਰੇਸਨ ਕਰੇਗਾ ਜਿਸ ਦੀ ਆਖਰੀ ਮਿਤੀ 14/3/2014 (ਸਾਮ 5-00 ਵਜੇ ਤੱਕ ) ਹੋਵੇਗੀ। ਰਜਿਸਟ੍ਰੇਸਨ ਕਰਨਾ ਹੀ ਅਪਲਾਈ ਕਰਨ ਦੀ ਆਖਰੀ ਮਿਤੀ ਮੰਨੀ ਜਾਵੇਗੀ।

ਉਮੀਦਵਾਰ ਰਜਿਸਟ੍ਰੇਸਨ ਕਰਨ ਤੋਂ ਬਾਅਦ ਬੈਂਕ ਚਲਾਨ ਜਨਰੇਟ ਕਰੇਗਾ ਅਤੇ ਅਰਜੀ ਦੀ ਨਿਰਧਾਰਤ ਫੀਸ ਮਿਤੀ 19/3/14. ਤੱਕ ਬੈਂਕ ਵਿੱਚ ਜਮਾ ਕਰਵਾਏਗਾ। ਬੈਂਕ ਵਿੱਚ ਫੀਸ ਜਮਾ ਕਰਵਾਉਣ ਅਤੇ ਜਮਾ ਕਰਵਾਈ ਗਈ ਫੀਸ ਦੀ ਹੋਣ ਉਪਰੰਤ ਹੀ, ਉਮੀਦਵਾਰ ਆਪਣਾ On Line Application Form ਭਰ ਸਕਦਾ ਹੈ, ਜਿਸ ਦੀ ਆਖਰੀ ਮਿਤੀ 21/3/14 (ਸਾਮ 5-00 ਵਜੇ ਤੱਕ ) ਹੈ।

ਨੋਟ:-

1. ਇਸ ਵਿਗਿਆਪਨ ਅਨੁਸਾਰ ਚੁਣੇ ਜਾਣ ਵਾਲੇ ਉਮੀਦਵਾਰਾਂ ਦੇ ਅਸਲ ਡਿਗਰੀਆਂ /ਸਰਟੀਫਿਕੇਟ/ਦਸਤਾਵੇਜ ਜਾਰੀ ਕਰਨ ਵਾਲੇ ਸਮਰੱਥ ਅਧਿਕਾਰੀਆਂ ਤੋਂ ਛੇ ਮਹੀਨੇ ਦੇ ਅੰਦਰ-ਅੰਦਰ 100 ਫੀਸਦੀ ਚੈੱਕ ਕਰਵਾਏ ਜਾਣਗੇ। ਜੇਕਰ ਇੰਨਾਂ ਡਿਗਰੀਆਂ /ਸਰਟੀਫਿਕੇਟ/ਦਸਤਾਵੇਜਾਂ ਵਿੱਚੋਂ ਕੋਈ ਵੀ ਗਲਤ ਪਾਇਆ ਗਿਆ ਤਾਂ ਬਿਨਾ ਨੋਟਿਸ ਦਿੱਤੇ ਉਮੀਦਵਾਰ ਦੀ ਚੋਣ/ਨਿਯੁਕਤੀ ਰੱਦ ਕਰ ਦਿੱਤੀ ਜਾਵੇਗੀ ਅਤੇ ਕਾਨੂੰਨੀ ਕਾਰਵਾਈ ਕਰਨ ਦੇ ਨਾਲ ਨਾਲ ਉਸ ਨੂੰ ਦਿੱਤੇ ਗਏ ਲਾਭ 15 ਫੀਸਦੀ ਸਲਾਨਾ ਵਿਆਜ ਸਮੇਤ ਵਾਪਸ ਲਏ ਜਾਣਗੇ। ਜੇਕਰ ਚੋਣ /ਨਿਯੁਕਤੀ ਹੋ ਜਾਂਦੀ ਹੈ ਤਾਂ ਇਨਾਂ ਉਮੀਦਵਾਰਾਂ ਦਾ ਕੰਮ ਅਤੇ ਆਚਰਣ ਸੰਤੋਖਜਨਕ ਪਾਏ ਜਾਣ ਤੇ ਉਨਾਂ ਦੇ ਕੇਸ ਰੈਗੂਲਰ ਕਰਨ ਲਈ ਵਿਚਾਰੇ ਜਾ ਸਕਦੇ ਹਨ ਪਰ ਇੰਨਾਂ ਕਰਮਚਾਰੀਆਂ ਨੂੰ ਪਹਿਲੇ ਤਿੰਨ ਸਾਲ ਤੱਕ ਉਨਾਂ ਵੱਲੋਂ ਕੀਤੀ ਜਾਣ ਵਾਲੀ ਸਰਵਿਸ ਦੇ ਬਦਲੇ ਹੋਰ ਕਿਸੇ ਕਿਸਮ ਦਾ ਲਾਭ ਨਹੀਂ ਦਿੱਤਾ ਜਾਵੇਗਾ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ)
ਪੰਜਾਬ, ਮੋਹਾਲੀ।